# ਪ੍ਰਧਾਨ ਮੰਤਰੀ ਦੋਹਾ, ਕਤਰ ਪਹੁੰਚੇ

ਫਰਵਰੀ 14, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅੱਜ ਕਤਰ ਦੇ ਅਧਿਕਾਰਤ ਦੌਰੇ 'ਤੇ ਦੋਹਾ ਪਹੁੰਚੇ। ਪ੍ਰਧਾਨ ਮੰਤਰੀ ਦੀ ਕਤਰ ਦੀ ਇਹ ਦੂਜੀ ਯਾਤਰਾ ਹੈ, ਉਹ ਪਹਿਲੀ ਵਾਰ ਜੂਨ 2016 ਵਿੱਚ ਕਤਰ ਗਏ ਸਨ।

2. ਪ੍ਰਧਾਨ ਮੰਤਰੀ ਦਾ ਮਹਾਮਹਿਮ ਸ਼੍ਰੀ ਸੋਲਤਾਨ ਬਿਨ ਸਾਦ ਅਲ-ਮੁਰੈਖੀ, ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ, ਦੁਆਰਾ ਹਵਾਈ ਅੱਡੇ 'ਤੇ ਸੁਆਗਤ ਕੀਤਾ ਗਿਆ।

3. ਦੋ ਦਿਨਾਂ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਕਤਰ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼ੇਖ ਮੁਹੰਮਦ ਬਿਨ ਅਬਦੁਲ ਰਹਿਮਾਨ ਅਲ ਥਾਨੀ ਦੁਆਰਾ ਉਨ੍ਹਾਂ ਦੇ ਸਨਮਾਨ ਵਿੱਚ ਅੱਜ ਰਾਤ ਨੂੰ ਰੱਖੀ ਗਈ ਦਾਅਵਤ ਵਿੱਚ ਹਾਜ਼ਰੀ ਦੇਣਗੇ। 15 ਫਰਵਰੀ ਨੂੰ ਪ੍ਰਧਾਨ ਮੰਤਰੀ ਕਤਰ ਦੇ ਅਮੀਰ, ਮਹਾਮਹਿਮ ਸ਼ੇਖ ਤਮੀਮ ਬਿਨ ਹਮਦ ਅਲ ਥਾਨੀ ਨਾਲ ਮਿਲਣਗੇ ਅਤੇ ਦੁਵੱਲੇ ਅਤੇ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਗੱਲਬਾਤ ਕਰਨਗੇ।

**ਦੋਹਾ**
**ਫਰਵਰੀ 14, 2024**